# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ


Epaper World Punjabi Times 06 ਜੁਲਾਈ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪਾਕਿਸਤਾਨ ਵੱਸਦੇ ਕਵੀ ਬਾਬਾ ਨਜਮੀ ਦੀ ਸਮੁੱਚੀ ਕਾਵਿ ਰਚਨਾ "ਮੈਂ ਇਕਬਾਲ ਪੰਜਾਬੀ ਦਾ"ਪੰਜਵਾਂ ਸੰਸਕਰਨ ਪੰਜਾਬੀ ਭਵਨ ਲੁਧਿਆਣਾ ਵਿਖੇ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 6 ਜੁਲਾਈ : ਪਾਕਿਸਤਾਨ ਵੱਸਦੇ ਇਨਕਲਾਬੀ ਕਵੀ ਅਤੇ ਜੱਦੀ ਤੌਰ ਤੇ ਹਾਸ਼ਮ ਸ਼ਾਹ ਦੇ ਪਿੰਡ ਜਗਦੇਵ ਕਲਾਂ(ਅੰਮ੍ਰਿਤਸਰ) ਤੋਂ ਗਏ ਬਾਬਾ ਨਜਮੀ ਦੀ ਸਮੂਲਚੀ ਸ਼ਾਇਰੀ ਦਾ ਸੰਗ੍ਰਹਿ " ਮੈਂ ਇਕਬਾਲ ਪੰਜਾਬੀ ਦਾ" ਚੇਤਨਾ ਪ੍ਰਕਾਸ਼ਨ ਵੱਲੋਂ ਪੰਜਵੀਂ ਵਾਰ ਛਪ ਕੇ ਆਉਣ ਤੇ ਇਸ ਦਾ ਲੋਕ ਅਰਪਣ ਨਿਰਉਚੇਚ ਪਰ ਪ੍ਰਭਾਵਸ਼ਾਲੀ ਰਸਮ ਨਾਲ ਲੋਕ ਅਰਪਨ ਕੀਤਾ ਗਿਆ।

ਇਸ ਦੇ ਪ੍ਰਕਾਸ਼ਕ ਤੇ ਪੰਜਾਬੀ ਕਵੀ ਸਤੀਸ਼ ਗੁਲਾਟੀ ਨੇ ਸੁਆਗਤੀ ਸ਼ਬਦਾਂ ਵੇਲੇ ਕਿਹਾ ਕਿ ਬਾਬਾ ਨਜਮੀ ਅਤੇ ਮੇਰੀ ਇਹ ਇੱਛਾ ਸੀ ਕਿ ਇਸ ਦੇ ਲੋਕ ਅਰਪਣ ਲਈ ਪੰਜ ਪਹਿਲੇ ਹੱਥ ਉਹ ਹੋਣ ਜੋ ਜਾਂ ਤਾਂ ਕਵਿਤਾ ਲਿਖਦੇ ਹੋਣ ਜਾਂ ਲੋਕ ਸ਼ਾਇਰੀ ਦੀ ਰਮਜ਼ ਸਮਝਦੇ ਹੋਣ।



ਬੀਤੀ ਸ਼ਾਮ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੀ ਮੀਟਿੰਗ ਉਪਰੰਤ ਉਨ੍ਹਾਂ ਪੰਜਾਂ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ , ਤ੍ਰੈਲੋਚਨ ਲੋਚੀ ਤੇ ਮਨਜਿੰਦਰ ਧਨੋਆ ਨੂੰ ਇਹ ਕਾਰਜ ਕਰਨ ਦਾ ਸੁਭਾਗ ਮਿਲਿਆ।

ਪੰਜਵਾਂ ਸੰਸਕਰਨ ਚੇਤਨਾ ਪ੍ਰਕਾਸ਼ਨ ਦੇ ਦਫਤਰ ਵਿੱਚ ਦੇ ਦਫ਼ਤਰ ਵਿੱਚ ਸਭਨਾਂ ਨੇ ਬਾਬਾ ਨਜਮੀ ਨੂੰ ਮੁਬਾਰਕ ਦਿੱਤੀ। ਇਹ ਵੀ ਮਹੱਤਵਪੂਰਨ ਹੈ ਕਿ ਕਿਤਾਬ ਦੇ ਮੁੱਖ ਪੰਨੇ ਤੇ ਗੁਰਪ੍ਰੀਤ ਬਠਿੰਡਾ ਦੀ ਉਹ ਪੇਂਟਿੰਗ ਪ੍ਰਕਾਸ਼ਿਤ ਹੈ ਜੋ ਗੁਰਪ੍ਰੀਤ ਨੇ ਲਾਹੌਰ (ਪਾਕਿਸਤਾਨ) ਜਾ ਕੇ ਬਾਬਾ ਨਜਮੀ ਨੂੰ 2024 ਵਿੱਚ ਆਪ ਭੇਂਟ ਕੀਤੀ ਸੀ। ਇਸ ਸੰਗ੍ਰਹਿ ਨੂੰ ਫੀਰੋਜ਼ਪੁਰ ਵਾਸੀ ਕਵੀ ਪ੍ਰੋ. ਜਸਪਾਲ ਘਈ ਨੇ ਗੁਰਮੁਖੀ ਅੱਖਰਾਂ ਵਿੱਚ ਢਾਲਿਆ ਹੈ।

ਇਸ ਮੌਕੇ ਬੋਲਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਬਾਬਾ ਨਜਮੀ ਦੱਖਣੀ ਏਸ਼ੀਆ ਦੇ ਕੱਦਾਵਰ ਆਦਮ ਖਾਣੇ ਜੰਗ ਪੱਖੀ ਦੈਂਤ ਨਾਲ ਲੜਨ ਲਈ ਕਲਮੀ ਸੂਰਮਿਆਂ ਦੀ ਲੰਮੀ ਕਤਾਰ ਵਿੱਚੋਂ ਫ਼ੈਜ਼ ਅਹਿਮਦ ਫ਼ੈਜ਼, ਸ਼ਰੀਫ਼ ਕੁੰਜਾਹੀ, ਅਹਿਮਦ ਰਾਹੀ, ਹਬੀਬ ਜਾਲਿਬ ਤੇ ਕਿੰਨੇ ਹੀ ਹੋਰ ਕਲਮ ਦੇ ਸਿਪਾਹੀਆਂ ਨਾਲ ਬਰ ਮੇਚਦਾ ਹੈ।

ਪੂਰੀ ਉਮਰ ਅਮਨ ਦੀ ਲੋੜ ਤੇ ਮੁਹੱਬਤ ਦੀ ਬਾਤ ਪਾਉਂਦਾ ਇਹ ਕਵੀ ਰਾਵੀ ਦੇ ਉਰਵਾਰ ਪਾਰ ਬਲਦੀਆਂ ਸਰਹੱਦਾਂ ਦਾ ਸੇਕ ਸਹਿੰਦਿਆਂ ਹੁਣ 78 ਸਾਲ ਦਾ ਹੋ ਗਿਆ ਹੈ ਪਰ ਹਥਿਆਰਾਂ 'ਤੇ ਲੱਗਦੇ ਸਰਮਾਏ ਨਾਲ ਸਕੂਲ, ਕਾਲਜ, ਹਸਪਤਾਲ ਤੇ ਆਵਾਜਾਈ ਦੇ ਰਾਹ ਖਹਿੜੇ ਪੱਕੇ ਪਕੇਰੇ ਕਰਨ ਤੇ ਜਿਉਣਯੋਗ ਹਾਲਾਤ ਸਿਰਜਣ ਦਾ ਹੋਕਾ ਅੱਜ ਵੀ ਦੇ ਰਿਹਾ ਹੈ।

ਬਾਬਾ ਨਜਮੀ ਦੇ ਇਸ ਕਾਵਿ ਸੰਗ੍ਰਹਿ ਦੇ ਪਹਿਲੇ ਸੰਸਕਰਨ ਵਿੱਚ ਹੀ ਮੁੱਠਲੇ ਸ਼ਬਦ ਲਿਖਦਿਆਂ ਕਿਹਾ ਸੀ ਕਿ ਬਾਬਾ ਨਜਮੀ ਜਾਣਦਾ ਹੈ ਕਿ ਮਨੁੱਖ ਲਈ ਜਿਉਣਯੋਗ ਹਾਲਾਤ ਉਦੋਂ ਬਣਨਗੇ ਜਦੋਂ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਬੰਦ ਹੋਵੇਗੀ।ਉੱਚੇ ਨੀਵੇਂ ਦਾ ਭੇਦ-ਭਾਵ ਮਿਟਾਉਂਦੀ ਉਸਦੀ ਨਾਬਰ ਸ਼ਾਇਰੀ ਸਾਨੂੰ ਨਵੇਂ ਅਨੁਭਵ ਦੇ ਰੂਬਰੂ ਖੜਾ ਕਰਦੀ ਹੈ।

1947 ਵਿੱਚ ਜਦੋਂ ਦੇਸ਼ ਦੋ ਟੋਟੇ ਹੋ ਗਿਆ, ਉਸਦੇ ਅੱਬਾ ਹਜ਼ੂਰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਜਗਦੇਵ ਕਲਾਂ ਤੋਂ ਲਾਹੌਰ ਜਾ ਵੱਸੇ। ਵੰਡ ਤੋਂ ਅਗਲੇ ਸਾਲ ਹੀ ਲਾਹੌਰ ਦੇ ਘੁਮਿਆਰਪੁਰਾ ਇਲਾਕੇ 'ਚ ਵੱਸ ਗਏ ਜਿੱਥੇ ਬਾਬਾ ਨਜਮੀ ਦਾ 6 ਸਤੰਬਰ 1948 ਨੂੰ ਜਨਮ ਹੋਇਆ।

ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਬਾਬਾ ਨਜਮੀ ਦੀ ਸ਼ਾਇਰੀ ਤਾਂ ਸਿੱਧੀ ਦਿਲ ਦੀ ਜ਼ਬਾਨ 'ਚੋਂ ਨਿਕਲਦੀ ਪ੍ਰਤੀਤ ਹੁੰਦੀ ਹੈ। ਲੋਕ ਪੀੜਾਂ ਦੇ ਹਾਣ ਦੀ ਸ਼ਾਇਰੀ ਸਿਰਜਣ ਵਾਲੇ ਬਾਬਾ ਨਜਮੀ ਨੂੰ ਤ੍ਰੈਕਾਲਦਰਸ਼ੀ ਨਜ਼ਰ ਤੇ ਨਜ਼ਰੀਆ ਨਸੀਬ ਹੈ। ਉਹ ਆਪਣਿਆਂ ਪੁਰਖਿਆਂ ਦੀ ਵਿਰਾਸਤ ਦਾ ਅੰਦਰੋਂ ਭੇਤੀ ਹੋਣ ਕਾਰਨ ਵਰਤਮਾਨ ਲਈ ਕੀ ਲੋੜੀਂਦਾ ਹੈ, ਇਹ ਗੱਲ ਭਲੀ-ਭਾਂਤ ਜਾਣਦਾ ਹੈ। ਵਰਤਮਾਨ ਦੇ ਆਸਰੇ ਹੋਵੇ ਤਾਂ ਕਲਮ ਕੁਰਾਹੇ ਨਹੀਂ ਪੈਂਦੀ। ਥੁੜਾਂ ਮਾਰੇ ਲੋਕਾਂ ਦੀ ਬਹੁਗਿਣਤੀ ਲਈ ਉਨ੍ਹਾਂ ਦੀ ਆਵਾਜ਼ ਬਹੁਤ ਬੁਲੰਦ ਹੈ।

ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਬਾਬਾ ਨਜਮੀ ਸ਼ਬਦਾਂ ਨੂੰ ਅਗਨ ਬਾਣ ਵਾਂਗ ਦਾਗਦਾ ਹੈ। ਉਹ ਜਾਗਦੀ ਜ਼ਮੀਰ ਵਾਲਾ ਕਰਮੱਠ ਕਲਮੀ ਕਾਮਾ ਤੇ ਸੁੱਤੀ ਜ਼ਮੀਰ ਨੂੰ ਜਗਾਉਣ ਵਾਲਾ ਪਹਿਰੇਦਾਰ ਸ਼ਾਇਰ ਹੈ।

ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਤੇ ਸੁਰੀਲੇ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਨੇ ਕਿਹਾ ਕਿ ਬਾਬਾ ਨਜਮੀ ਆਪਣੇ ਮੁਆਸ਼ਰੇ ਦੀ ਹਰ ਪੀੜ ਨੂੰ ਭਲੀ ਭਾਂਤ ਜਾਣਦਾ, ਪਛਾਣਦਾ, ਵੇਖਦਾ, ਪਰਖ਼ਦਾ, ਜਾਂਚਦਾ ਤੇ ਵਿਸ਼ਲੇਸ਼ਣ ਕਰਦਾ ਹੈ। ਪਾਕਿਸਤਾਨ ਹੋਵੇ ਜਾਂ ਭਾਰਤ, ਧੀਆਂ ਦੇ ਲੇਖ ਇੱਕੋ ਜਹੇ ਨੇ। ਉਹ ਧੀਆਂ ਦੇ ਦਰਦ ਦੀ ਬਾਤ ਪਾਉਂਦਾ ਹੈ।

ਮਨਜਿੰਦਰ ਧਨੋਆ ਨੇ ਕਿਹਾ ਕਿ ਪੰਜ ਛੇ ਸਾਲ ਪਹਿਲਾਂ ਲਾਹੌਰ ਵਿੱਚ ਅਫਜ਼ਲ ਸਾਹਿਰ ਤੇ ਬਾਬਾ ਨਜਮੀ ਜੀ ਨਾਲ ਗੁਜ਼ਾਰੇ ਕੁਝ ਦਿਨ ਮੇਰੀ ਉਮਰ ਭਰ ਦੀ ਪੂੰਜੀ ਹਨ। ਉਨ੍ਹਾਂ ਦਾ ਕਲਾਮ ਲਗਾਤਾਰ ਜਗਾ ਕੇ ਰੱਖਦਾ ਹੈ। ਬਾਬਾ ਨਜਮੀ ਆਪਣੇ ਤੋਂ ਪਹਿਲਾਂ ਹੋਏ ਕਵੀਆਂ ਲਈ ਸਤਿਕਾਰ ਰੱਖਦਾ ਹੈ ਤੇ ਨਿੱਕਿਆਂ ਤੋਂ ਆਸਵੰਦ ਹੈ। ਬਾਬਾ ਨਜਮੀ ਦੀ ਇਹ ਕਿਤਾਬ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ ਨੇ ਹੀ ਪੰਜਵੀਂ ਵਾਰ ਪ੍ਰਕਾਸ਼ਿਤ ਕੀਤੀ ਹੈ।

## 6 ਜ਼ਿਲ੍ਹਿਆਂ ਦੇ ਨੌਜਵਾਨਾਂ ਲਈ ਅਗਨੀਵੀਰ ਭਰਤੀ ਰੈਲੀ 30 ਜੁਲਾਈ ਤੋਂ 10 ਅਗਸਤ ਤੱਕ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 6 ਜੁਲਾਈ : ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਨੁਪ੍ਰਿਤਾ ਜੌਹਲ ਨੇ ਡਾਇਰੈਕਟਰ ਭਰਤੀ, ਆਰਮੀ ਭਰਤੀ ਦਫ਼ਤਰ, ਪਟਿਆਲਾ ਨਾਲ ਮਿਲ ਕੇ 30 ਜੁਲਾਈ ਤੋਂ 10 ਅਗਸਤ 2026 ਤੱਕ ਹੋਣ ਵਾਲੀ ਆਗਾਮੀ ਏਆਰਓ ਪਟਿਆਲਾ ਅਗਨੀਵੀਰ ਭਰਤੀ ਰੈਲੀ 2026 ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਫੌਜੀ ਅਧਿਕਾਰੀਆਂ ਨਾਲ ਮੀਟਿੰਗ




ਦੀ ਪ੍ਰਧਾਨਗੀ ਕੀਤੀ। ਜਾਲੰਧਰ ਸਥਿਤ ਜੋਨਲ ਭਰਤੀ ਦਫ਼ਤਰ ਦੇ ਅਧੀਨ ਆਰਮੀ ਭਰਤੀ ਦਫ਼ਤਰ, ਪਟਿਆਲਾ ਵੱਲੋਂ 30 ਜੁਲਾਈ ਤੋਂ 10 ਅਗਸਤ 2026 ਤੱਕ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ, ਪੋਲੋ ਗਰਾਊਂਡ ਵਿਖੇ ਭਾਰਤੀ ਫੌਜ ਵਿੱਚ ਵੱਖ-ਵੱਖ ਵਰਗਾਂ ਦੀ ਭਰਤੀ ਲਈ ਅਗਨੀਵੀਰ ਭਰਤੀ ਰੈਲੀ ਕਰਵਾਈ ਜਾਵੇਗੀ। ਪਟਿਆਲਾ, ਸੰਗਰੂਰ, ਮਾਨਸਾ, ਬਰਨਾਲਾ, ਮਾਲੇਰਕੋਟਲਾ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਦੇ ਉਹ ਯੋਗ ਨੌਜਵਾਨ, ਜਿਨ੍ਹਾਂ ਨੇ ਸੀਈਈ ਪ੍ਰੀਖਿਆ ਪਾਸ ਕੀਤੀ ਹੈ (ਜਿਸ ਦਾ ਨਤੀਜਾ ਬਹੁਤ ਜਲਦੀ ਐਲਾਨਿਆ ਜਾਵੇਗਾ), ਇਸ ਰੈਲੀ ਵਿੱਚ ਹਿੱਸਾ ਲੈ ਸਕਣਗੇ।

## ਡੀ.ਸੀ ਹਿਮਾਂਸ਼ੂ ਜੈਨ ਨੇ ਲੁਧਿਆਣਾ ਆਬਜ਼ਰਵੇਸ਼ਨ ਹੋਮ ਦੇ 85 ਬੱਚਿਆਂ ਨੂੰ ਹੇਅਰ ਡਰੈਸਰ ਐਂਡ ਸਟਾਈਲਿਸਟ ਅਤੇ ਸਮਾਰਟਫੋਨ ਅਸੈਂਬਲੀ ਟੈਕਨੀਸ਼ੀਅਨ ਦੇ ਸਿਖਲਾਈ ਕੋਰਸਾਂ ਦਾ ਕੀਤਾ ਉਦਘਾਟਨ

*ਹੁਨਰਾਂ ਨਾਲ ਆਤਮਨਿਰਭਰ ਬਣਨਗੇ ਲੁਧਿਆਣਾ ਆਬਜ਼ਰਵੇਸ਼ਨ ਹੋਮ ਦੇ ਬੱਚੇ: ਹਿਮਾਂਸ਼ੂ ਜੈਨ*

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 6 ਜੁਲਾਈ : ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੀ ਰਹਿਨੁਮਾਈ ਹੇਠ ਜੁਵੇਨਾਈਲ ਜਸਟਿਸ ਐਕਟ ਅਧੀਨ ਚੱਲ ਰਹੇ ਆਬਜ਼ਰਵੇਸ਼ਨ ਹੋਮ ਵਿੱਚ ਰਹਿ ਰਹੇ ਬੱਚਿਆਂ ਨੂੰ ਆਤਮਨਿਰਭਰ ਬਣਾਉਣ ਅਤੇ ਉਨ੍ਹਾਂ ਨੂੰ ਰੁਜ਼ਗਾਰਯੋਗ ਹੁਨਰਾਂ ਨਾਲ ਜੋੜਨ ਦੇ ਉਦੇਸ਼ ਨਾਲ ਪੰਜਾਬ ਨੇ ਇੱਕ ਇਤਿਹਾਸਕ ਪਹਿਲ ਕਰਦਿਆਂ ਦੇਸ਼ ਦਾ ਪਹਿਲਾ ਸੂਬਾ ਬਣਨ ਦਾ ਮਾਣ ਹਾਸਲ ਕੀਤਾ ਹੈ, ਜਿਸ ਨੇ ਆਬਜ਼ਰਵੇਸ਼ਨ ਹੋਮਾਂ ਅਤੇ ਸਪੈਸ਼ਲ ਹੋਮਾਂ ਵਿੱਚ ਰਹਿ ਰਹੇ ਬੱਚਿਆਂ ਲਈ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ।

ਇਸ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਦਾ ਰਸਮੀ ਉਦਘਾਟਨ ਸੋਮਵਾਰ ਨੂੰ ਲੁਧਿਆਣਾ ਸਥਿਤ ਆਬਜ਼ਰਵੇਸ਼ਨ ਹੋਮ ਫਾਰ ਬੁਆਇਜ਼ ਵਿਖੇ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਆਈ.ਏ.ਐਸ ਨੇ ਕੀਤਾ।

ਉਦਘਾਟਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਲੁਧਿਆਣਾ ਦੇ ਆਬਜ਼ਰਵੇਸ਼ਨ ਹੋਮ ਵਿੱਚ 85 ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ। ਇਨ੍ਹਾਂ ਵਿੱਚੋਂ 56 ਬੱਚੇ ਹੇਅਰ ਡਰੈਸਰ ਐਂਡ ਸਟਾਈਲਿਸਟ ਅਤੇ 29 ਬੱਚੇ ਸਮਾਰਟਫੋਨ ਅਸੈਂਬਲੀ ਟੈਕਨੀਸ਼ੀਅਨ ਦਾ ਕੋਰਸ ਕਰਨਗੇ। ਇਹ ਕੋਰਸ ਪੰਜਾਬ ਹੁਨਰ ਵਿਕਾਸ ਮਿਸ਼ਨ ਵੱਲੋਂ ਚਲਾਏ ਜਾਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਇਨ੍ਹਾਂ ਬੱਚਿਆਂ ਨੂੰ ਸਿਰਫ਼ ਸੁਰੱਖਿਆ ਅਤੇ ਦੇਖਭਾਲ ਦੇਣਾ ਨਹੀਂ, ਸਗੋਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਅਜਿਹੇ ਹੁਨਰਾਂ ਨਾਲ ਲੈਸ ਕਰਨਾ ਹੈ ਜੋ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਆਤਮਨਿਰਭਰ ਬਣਾ ਸਕਣ। ਉਨ੍ਹਾਂ ਕਿਹਾ ਕਿ ਆਬਜ਼ਰਵੇਸ਼ਨ ਹੋਮ ਵਿੱਚ ਰਹਿ ਰਹੇ ਬੱਚਿਆਂ ਲਈ ਸਿਖਲਾਈ ਦਾ ਕੇਂਦਰ ਅਨੁਸ਼ਾਸਨ, ਆਤਮ-ਵਿਸ਼ਵਾਸ, ਕੌਂਸਲਿੰਗ ਅਤੇ ਰੁਜ਼ਗਾਰ ਮੁਖੀ ਹੁਨਰ ਹੋਣਗੇ।

ਹਿਮਾਂਸ਼ੂ ਜੈਨ ਨੇ ਬੱਚਿਆਂ ਨੂੰ ਕਿਹਾ ਕਿ ਕੋਈ ਵੀ ਰੁਜ਼ਗਾਰ/ਹੁਨਰ ਛੋਟਾ ਜਾਂ ਵੱਡਾ ਨਹੀਂ ਹੁੰਦਾ। ਉਨ੍ਹਾਂ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਪੂਰੀ ਲਗਨ ਨਾਲ ਰੁਜ਼ਗਾਰ/ਹੁਨਰ ਸਿੱਖਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਭਵਿੱਖ ਲਈ ਇੱਕ ਮਜ਼ਬੂਤ ਪੌੜੀ ਮੁਹੱਈਆ ਕਰਵਾਈ ਹੈ ਅਤੇ ਹੁਣ ਇਸ ਮੌਕੇ ਦਾ ਲਾਭ ਉਠਾਉਣਾ ਬੱਚਿਆਂ ਦੀ ਮਿਹਨਤ ਅਤੇ ਸਮਰਪਣ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਬੱਚੇ ਦਾ ਭਵਿੱਖ ਉਸ ਦੇ ਅਤੀਤ ਨਾਲ ਨਹੀਂ, ਸਗੋਂ ਉਸ ਦੀ ਮਿਹਨਤ, ਹੁਨਰ ਅਤੇ ਇਰਾਦਿਆਂ ਨਾਲ ਤੈਅ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਪੂਰੀ ਕਰਨ ਵਾਲੇ ਬੱਚਿਆਂ ਨੂੰ ਪ੍ਰਮਾਣ ਪੱਤਰ ਵੀ ਦਿੱਤੇ ਜਾਣਗੇ।

ਇਸ ਮੌਕੇ ਬੱਚਿਆਂ ਵੱਲੋਂ ਕਿਹਾ ਗਿਆ ਕਿ ਇਹ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਉਨ੍ਹਾਂ ਦੇ ਜੀਵਨ ਵਿੱਚ ਨਵਾਂ ਮੋੜ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਆਪਣੇ ਹੱਥਾਂ ਨਾਲ ਸਿੱਖਿਆ ਗਿਆ ਹੁਨਰ ਜ਼ਿੰਦਗੀ ਭਰ ਕੰਮ ਆਉਂਦਾ ਹੈ ਅਤੇ ਇਹ ਸਿਖਲਾਈ ਭਵਿੱਖ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਖੋਲ੍ਹੇਗੀ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਵਰਿੰਦਰ ਸਿੰਘ ਟਿਵਾਣਾ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਮੀਤ ਸਿੰਘ, ਸੁਪਰਡੈਂਟ ਆਬਜ਼ਰਵੇਸ਼ਨ ਹੋਮ ਲੁਧਿਆਣਾ ਹਰਮਨ ਸਿੰਘ ਰਾਣਾ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ, ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ, ਲੁਧਿਆਣਾ ਰਵੀਜੋਤ ਕੌਰ, ਜ਼ਿਲ੍ਹਾ ਮੈਨੇਜਰ ਟ੍ਰੇਨਿੰਗ ਐਂਡ ਪਲੇਸਮੈਂਟ, ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ, ਲੁਧਿਆਣਾ ਪ੍ਰਿੰਸ ਕੁਮਾਰ ਭਾਰਦਵਾਜ, ਜੁਵੇਨਾਈਲ ਜਸਟਿਸ ਬੋਰਡ ਦੇ ਮੈਂਬਰ ਕਮਲਜੀਤ ਕੌਰ, ਚਾਈਲਡ ਵੈਲਫੇਅਰ ਕੌਂਸਲ ਦੇ ਮੈਂਬਰ ਸਪਨਾ ਮਿੱਤਲ ਅਤੇ ਨਵਪ੍ਰੀਤ ਕੌਰ ਵੀ ਮੌਜੂਦ ਸਨ।

## ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦਾ 71 ਸਾਲ ਇਤਿਹਾਸ ਪੁਸਤਕ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ : 6 ਜੁਲਾਈ : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ 'ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਇਤਿਹਾਸ' ਪੰਜਾਬੀ ਭਵਨ, ਲੁਧਿਆਣਾ ਵਿਖੇ ਲੋਕ ਅਰਪਣ ਕੀਤਾ ਗਿਆ। ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਿਹਾ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਪੰਜਾਬੀ ਸਾਹਿਤਕਾਰਾਂ ਅਤੇ ਦਾਨਿਸ਼ਵਰਾਂ ਦੀ ਸਭ ਤੋਂ ਵਧੇਰੇ ਸਤਿਕਾਰਤ ਸੰਸਥਾ ਹੈ। ਇਹ ਸੰਸਥਾ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਪਿਆਰਨ, ਸਤਿਕਾਰਨ ਅਤੇ ਵਿਸਤਾਰਨ ਦੀ ਇੱਛਾ ਰੱਖਣ ਵਾਲੇ ਦਾਨਿਸ਼ਵਰਾਂ ਦੀ ਸਵੈ-ਸੇਵੀ ਯਤਨਾਂ ਨਾਲ ਹੋਂਦ ਵਿਚ ਆਈ, ਵਧੀ-ਫੁੱਲੀ ਅਤੇ ਮੌਜੂਦਾ ਸਮੇਂ ਵਿਚ ਇਕ ਅਜਿਹਾ ਵਿਸ਼ਾਲ ਰੂਪ ਧਾਰਨ ਕਰ ਗਈ ਹੈ ਕਿ ਸਰਕਾਰਾਂ ਦੇ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਵਿਕਸਤ ਕਰਨ ਵਾਲੇ ਅਦਾਰਿਆਂ ਨਾਲੋਂ ਵੱਧ ਵਿਸ਼ਵਾਸੀ ਕੇਂਦਰ ਬਣ ਗਈ ਹੈ। ਉਨ੍ਹਾਂ ਕਿਹਾ ਅਕਾਡਮੀ ਦਾ ਪੰਜਾਬੀ ਚਿੰਤਨ ਅਤੇ ਪੰਜਾਬ ਦੇ ਬੌਧਿਕ ਵਿਕਾਸ ਵਿਚ ਰੋਲ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਸਮੂਹ ਲੇਖਕਾਂ ਅਤੇ ਡਾ. ਹਰੀ ਸਿੰਘ ਜਾਚਕ ਨੂੰ ਵਧਾਈ ਦਿੰਦਿਆਂ ਕਿਹਾ ਕਿ ਡਾ. ਹਰੀ ਸਿੰਘ ਜਾਚਕ ਨੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ 71 ਸਾਲਾਂ ਦਾ ਇਤਿਹਾਸ ਬਹੁਤ ਮਿਹਨਤ ਨਾਲ ਲਿਖਿਆ ਹੈ। ਡਾ. ਜਾਚਕ ਜੀ ਹੁਰਾਂ ਦੇ ਇਸ ਨਿਸ਼ਕਾਮ ਕਾਰਜ ਲਈ ਪੰਜਾਬੀ ਸਾਹਿਤ ਅਕਾਡਮੀ ਇਨ੍ਹਾਂ ਦੀ ਆਭਾਰੀ ਹੈ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਇਤਿਹਾਸ ਵਿਚ ਅੱਜ ਦਾ ਦਿਨ ਬਹੁਤ ਮਹੱਤਵਪੂਰਨ ਹੈ ਕਿਉਕਿ ਇਸ ਦਿਨ ਅਕਾਡਮੀ ਦਾ ਪਹਿਲੀ ਵਾਰ ਲਿਖਿਆ ਇਤਿਹਾਸ ਲੋਕ ਅਰਪਣ ਹੋਇਆ ਹੈ। ਅਕਾਡਮੀ ਦਾ ਇਤਿਹਾਸ ਕਾਫ਼ੀ ਸਮੇਂ ਤੋਂ ਕਿਤਾਬੀ ਰੂਪ ਵਿਚ ਲਿਖੇ ਜਾਣ ਦੀ ਜ਼ਰੂਰਤ ਬਣਿਆ



ਹੋਇਆ ਸੀ। ਕਈ ਵਾਰ ਪ੍ਰਬੰਧਕੀ ਬੋਰਡ ਵਿਚ ਫ਼ੈਸਲੇ ਵੀ ਲਏ ਗਏ ਸੈਸ਼ਨ 2024-2026 ਵਿਚ ਪ੍ਰਬੰਧਕੀ ਬੋਰਡ ਨੇ ਇਸ ਸੰਬੰਧੀ ਫ਼ੈਸਲਾ ਲੈਂਦਿਆਂ ਸਕੱਤਰ ਸਾਹਿਤਕ ਸਰਗਰਮੀਆਂ ਡਾ. ਹਰੀ ਸਿੰਘ ਜਾਚਕ ਜੀ ਨੂੰ ਇਹ ਕਾਰਜ ਸੌਂਪਿਆ। ਉਨ੍ਹਾਂ ਬੜੀ ਮਿਹਨਤ ਨਾਲ ਤਕਰੀਬਨ ਡੇਢ ਸਾਲ ਲਗਾ ਕੇ ਇਹ ਕਾਰਜ ਨੇਪਰੇ ਚਾੜ੍ਹਿਆ। ਉਨ੍ਹਾਂ ਕਿਹਾ ਪ੍ਰਧਾਨ ਜੀ ਸਮੇਤ ਅਕਾਡਮੀ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ ਜਦੋਂ ਅਸੀਂ ਇਹ ਵੱਡਾ ਪ੍ਰੇਰਨਾ ਸ੍ਰੋਤ ਕਾਰਜ ਸਾਹਿਤ ਜਗਤ ਨੂੰ ਪੇਸ਼ ਕਰ ਰਹੇ ਹਾਂ ਤਾਂ ਇਕ ਅਜੀਬ ਤਸੱਲੀ ਹੋ ਰਹੀ ਹੈ। ਅਕਾਡਮੀ ਦੇ ਸਕੱਤਰ, ਸਾਹਿਤਕ ਸਰਗਰਮੀਆਂ ਅਤੇ ਇਸ ਪੁਸਤਕ ਦੇ ਲੇਖਕ ਡਾ. ਹਰੀ ਸਿੰਘ ਜਾਚਕ ਨੇ ਕਿਹਾ ਪੰਜਾਬੀ ਸਾਹਿਤ ਅਕਾਡਮੀ ਦਾ ਸ਼ਾਨਾਮੱਤਾ ਇਤਿਹਾਸ ਹੈ। ਇਸ 'ਤੇ ਜਿਨ੍ਹਾਂ ਵੀ ਮਾਣ ਕਰੀਏ ਓਨਾ ਹੀ ਥੋੜ੍ਹਾ ਹੈ। ਇਸ ਦਾ ਇਤਿਹਾਸ ਬਣਾਉਣ ਵਾਲਿਆਂ ਵੱਲੋਂ ਪੰਜਾਬੀ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਕੀਤੇ ਜਾ ਰਹੇ ਕਾਰਜਾਂ ਅਤੇ ਗਤੀਵਿਧੀਆਂ ਨੂੰ ਇਸ ਦੇ ਤ੍ਰੈਮਾਸਿਕ ਪੱਤਰ 'ਆਲੋਚਨਾ' ਅਤੇ ਸਮੇਂ ਸਮੇਂ 'ਤੇ ਕੱਢੇ ਗਏ ਸੋਵੀਨਰਾਂ ਰਾਹੀਂ ਸੰਭਾਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਮੇਰੇ ਲਈ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਸਾਹਿਤ ਅਕਾਡਮੀ ਦਾ ਇਤਿਹਾਸ ਲਿਖਣ ਦੀ ਜ਼ਿੰਮੇਂਵਾਰੀ ਮੈਨੂੰ ਮਿਲੀ ਅਤੇ ਮੈਂ ਪੂਰੀ ਤਨਦੇਹੀ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਯਤਨ ਕੀਤਾ ਹੈ।

ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਅਕਾਡਮੀ ਦੇ ਇਤਿਹਾਸ ਦੇ ਪ੍ਰਕਾਸ਼ਨ ਲਈ ਡਾ. ਸਰਬਜੀਤ ਸਿੰਘ, ਡਾ. ਗੁਲਜ਼ਾਰ ਸਿੰਘ ਪੰਧੇਰ ਅਤੇ ਸਮੁੱਚੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਨੇ ਸੁਪਨੇ ਦੇ ਖ਼ਾਕੇ ਵਿਚ ਰੰਗ ਭਰੇ ਹਨ। ਉਨ੍ਹਾਂ ਕਿਹਾ ਡਾ. ਹਰੀ ਸਿੰਘ ਜਾਚਕ ਨੇ ਇਸ ਇਤਿਹਾਸ ਦੀ ਸੰਭਾਲ ਕਰਕੇ ਪੰਜਾਬੀ ਸਾਹਿਤਕ ਵਿਰਾਸਤ ਨੂੰ ਭਵਿੱਖ ਲਈ ਸੁਰੱਖਿਅਤ ਕਰ ਦਿੱਤਾ ਹੈ।

ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਵਧਾਈ ਦਿੰਦਿਆਂ ਕਿਹਾ ਕਿ ਪੌਣੀ ਸਦੀ ਤੋਂ ਉੱਚ ਦੁਮਾਲੜੀਆਂ ਸ਼ਖ਼ਸੀਅਤਾਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਅਗਵਾਈ ਕਰਦੀਆਂ ਰਹੀਆਂ ਹਨ। ਇਸ ਦੇ ਸ਼ਾਨਾਮੱਤੇ ਇਤਿਹਾਸ ਨੂੰ ਪ੍ਰਕਾਸ਼ਿਤ ਕਰਕੇ ਮੌਜੂਦਾ ਟੀਮ ਨੇ ਵੱਡਾ ਕਾਰਜ ਕੀਤਾ ਹੈ।

ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਸਿੰਘ ਭੱਠਲ ਨੇ ਕਿਹਾ ਮੈਨੂੰ ਖੁਸ਼ੀ ਹੈ ਕਿ ਅਕਾਡਮੀ ਦੇ ਉੱਦਮ ਅਤੇ ਡਾ. ਹਰੀ ਸਿੰਘ ਜਾਚਕ ਦੀ ਮਿਹਨਤ ਸਦਕਾ ਪੰਜਾਬੀ ਸਾਹਿਤ ਅਕਾਡਮੀ ਦਾ ਇਤਿਹਾਸ ਇਕ ਵੱਡ ਆਕਾਰੀ ਪੁਸਤਕ ਦੇ ਰੂਪ ਵਿਚ ਸਮੂਹ ਪੰਜਾਬੀ ਪ੍ਰੇਮੀਆਂ ਦੇ ਸਨਮੁੱਖ ਹੋ ਰਿਹਾ ਹੈ। ਇਸ ਵਡਮੁੱਲੇ ਕਾਰਜ ਲਈ ਡਾ. ਜਾਚਕ ਵਧਾਈ ਹੱਕਦਾਰ ਹਨ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਫ਼ੋਨ 'ਤੇ ਵਧਾਈ ਸੰਦੇਸ਼ ਭੇਜਿਆ।

ਇਸ ਮੌਕੇ ਡਾ. ਗੁਰਇਕਬਾਲ ਸਿੰਘ, ਸ੍ਰੀ ਜਸਪਾਲ ਮਾਨਖੇੜਾ, ਡਾ. ਗੁਰਚਰਨ ਕੌਰ ਕੋਚਰ,ਡਾ. ਅਰਵਿੰਦਰ ਕੌਰ ਕਾਕੜਾ, ਭੁਪਿੰਦਰ ਸਿੰਘ ਸੰਧੂ, ਜਨਮੇਜਾ ਸਿੰਘ ਜੌਹਲ, ਡਾ. ਅਮੀਆ ਕੁੰਵਰ, ਕੇ. ਸਾਧੂ ਸਿੰਘ, ਮਨਜਿੰਦਰ ਸਿੰਘ ਧਨੋਆ, ਤ੍ਰੈਲੋਚਨ ਲੋਚੀ, ਰੋਜ਼ੀ ਸਿੰਘ, ਦੀਪ ਜਗਦੀਪ ਸਿੰਘ, ਸਤੀਸ਼ ਗੁਲਾਟੀ ਤੇ ਸੁਰਿੰਦਰ ਦੀਪ ਕੌਰ ਸ਼ਾਮਿਲ ਹੋਏ।

## ਸਵਾਲ ਵਿਦਿਆਰਥੀਆਂ ਦੇ ਜਵਾਬ ਐਕਸਪਰਟ ਦੇ

ਵਰਲਡ ਪੰਜਾਬੀ ਟਾਈਮਜ਼
ਪ੍ਰੋ. (ਡਾ:) ਪ੍ਰਦੀਪ ਕੌੜਾ

ਸਵਾਲ :- ਨਮਸਕਾਰ ਸਰ, ਮੈਂ ਸਾਹਿਲ ਇੰਸਾਂ ਨੇ 12ਵੀਂ ਨਾਨ-ਮੈਡੀਕਲ ਨਾਲ ਪਾਸ ਕਰ ਲਈ ਹੈ ਅਤੇ ਹੁਣ B.Sc. CSM (Computer Sc., Statistics, Mathematics) ਵਿਚ ਐਡਮਿਸ਼ਨ ਲਿਆ ਹੈ ਅਤੇ ਮੈਂ UPSC ਦੀ ਤਿਆਰੀ ਕਰਨੀ ਹੈ, ਮੈਨੂੰ ਦੱਸੋ ਮੇਰੇ ਲਈ B.Sc. CSM ਕਿੰਨੀ ਕੁ ਲਾਭਦਾਇਕ ਹੈ ਅਤੇ ਕਿਵੇਂ?

ਉੱਤਰ :- ਸਾਹਿਲ, ਬਾਰ੍ਹਵੀਂ ਜਮਾਤ ਤੋਂ ਬਾਅਦ ਤੁਸੀਂ B.Sc. CSM (Computer Sc., Statistics, Mathematics) ਵਿਚ ਦਾਖਲਾ ਲਿਆ ਹੈ। ਤੁਸੀਂ UPSC ਦੀ ਤਿਆਰੀ ਕਰਨ ਬਾਰੇ ਸੋਚ ਰਹੇ ਹੋ ਅਤੇ ਜਾਨਣਾ ਚਾਹੁੰਦੇ ਹੋ ਕਿ ਉਪਰੋਕਤ ਦਿਪ੍ਤੇ ਤੁਹਾਡੇ UPSC ਦੀ ਤਿਆਰੀ ਵਿਚ ਕਿੰਨੇ ਅਤੇ ਕਿਸ ਤਰ੍ਹਾਂ ਸਹਾਈ ਹੋਣਗੇ। ਸਭ ਤੋਂ ਪਹਿਲਾਂ ਤੁਹਾਨੂੰ UPSC ਦਾ ਪੈਟਰਨ ਸਮਝਣਾ ਹੋਵੇਗਾ। ਦਰਅਸਲ ਮੁੱਖ ਰੂਪ ਵਿਚ UPSC ਨੂੰ ਤਿੰਨ ਭਾਗਾਂ ਵਿਚ ਰੱਖਿਆ ਜਾ ਸਕਦਾ ਹੈ। UPSC ਵੱਲੋਂ ਹਰ ਸਾਲ ਇੱਕ ਹੀ ਪ੍ਰੀਖਿਆ ਲਈ ਜਾਂਦੀ ਹੈ, ਜਿਸ ਨੂੰ CSE (Civil Services Examination) ਕਿਹਾ ਜਾਂਦਾ ਹੈ। ਇਸ ਪ੍ਰੀਖਿਆ ਵਿਚ ਪ੍ਰਾਪਤ ਰੈਂਕ ਅਤੇ ਤੁਹਾਡੇ ਦੁਆਰਾ ਭਰੀ ਗਈ ਚੋਣ ਦੇ ਆਧਾਰ 'ਤੇ (1) ਪ੍ਰਸ਼ਾਸਨਿਕ ਸੇਵਾਵਾਂ (IAS), (2) ਪੁਲਿਸ ਸੇਵਾ ਸੇਵਾਵਾਂ (IPS) (ਇਸ ਖੇਤਰ ਵਿਚ ਸੇਵਾਵਾਂ ਲਈ ਕੁਝ ਸਰੀਰਕ ਟੈਸਟ ਪਾਸ ਕਰਨੇ ਵੀ ਜ਼ਰੂਰੀ ਹਨ) ਅਤੇ (3) ਟੈਕਸ/ਰੈਵਨਿਊ (Income Tax) ਅਤੇ (Customs & Indirect Taxes) ਮੋਹਾਦਾਂ ਸੇ ਖੇਤਰ ਵਿਚ ਜਾਣ ਦੇ ਮੌਕੇ ਮਿਲਦੇ ਹਨ।


UPSC (ਯੂਪੀਐੱਸਸੀ) ਦੇ CSAT ਸੀਸੈਟ (ਪੇਪਰ-2) ਵਿੱਚ ਗਣਿਤ (ਮੈਥ) ਅਤੇ ਰੀਜ਼ਨਿੰਗ ਆਉਂਦੀ ਹੈ ਅਤੇ ਤੁਹਾਡੀ ਬੀਐੱਸਸੀ ਪਾਸ ਕੀਤੀ ਹੋਣ ਕਾਰਨ, ਗਣਿਤ (ਮੈਥ) ਅਤੇ ਰੀਜ਼ਨਿੰਗ ਤੁਹਾਡੇ ਲਈ ਅਸਾਨ ਹੋਵੇਗੀ। ਜੇਕਰ ਤੁਹਾਡੀ ਗਣਿਤ (ਮੈਥ) ਦੇ ਨਾਲ-ਨਾਲ ਇੱਕ ਹੋਰ ਵਿਸ਼ੇ ਜਿਵੇਂ ਕਿ ਸਟੇਟੇਸਟਿਕ ਜਾਂ ਕੰਪਿਊਟਰ ਵਿਚ ਮੁਹਾਰਤ ਹਾਸਲ ਕਰ ਜਾਂਦੇ ਹੋ ਤਾਂ ਤੁਸੀਂ UPSC ਵਿੱਚ ਇਹ ਵਿਸ਼ੇ ਆਪਸ਼ਨ ਵਿਸ਼ਿਆ ਵਜੋਂ ਜਾਂ ਇਨ੍ਹਾਂ ਵਿਸ਼ਿਆਂ ਦੀ ਜਗ੍ਹਾ ਆਪਣੀ ਸੁਵਿਧਾ ਅਨੁਸਾਰ ਹੋਰ ਵਿਸ਼ੇ ਵੀ ਰੱਖ ਸਕਦੇ ਹੋ। ਤੁਹਾਡੇ ਅਜੋਕੇ ਵਿਸ਼ਿਆਂ ਦੀ ਚੋਣ ਦੀ ਦ੍ਰਿਸ਼ਟੀ ਤੋਂ ਤੁਸੀਂ ਟੈਕਸ/ਰੇਵਨਿਊ ਸੇਵਾਵਾਂ ਵਾਲਾ ਖੇਤਰ ਚੁਣ ਸਕਦੇ ਹੈ।

UPSC ਕਲੀਅਰ ਕਰਨ ਲਈ ਤੁਹਾਨੂੰ ਸੁਝਾਅ ਹੈ ਕਿ ਤੁਸੀਂ ਹੁਣੇ ਤੋਂ ਹੀ ਹਰ ਸਾਲ ਤਿੰਨ ਡਾਇਰੀਆਂ ਉੱਤੇ ਪਹਿਲੀ ਚਲੰਤ ਮਸਲਿਆਂ ਦੀ ਜਾਣਕਾਰੀ ਲਈ, ਦੂਜੀ ਖੇਡਾਂ ਸਮੇਤ ਹੋਰ ਗਤੀਵਿਧੀਆਂ ਦਾ ਰਿਕਾਰਡ ਰੱਖਣ ਅਤੇ ਤੀਸਰੀ ਅੰਤਰਰਾਸ਼ਟਰੀ ਪੱਧਰ ਦੀਆਂ ਗਤੀਵਿਧੀਆਂ ਨੂੰ, ਰੋਜ਼ਾਨਾ ਦੇ ਆਧਾਰ 'ਤੇ ਨੋਟ ਕਰਨਾ ਸ਼ੁਰੂ ਕਰ ਦੇਵੇ। ਅਜਿਹਾ ਕਰਨ ਦਾ ਫਾਇਦਾ ਇਹ ਹੋਵੇਗਾ ਕਿ ਤੁਹਾਨੂੰ ਮੁੱਖ ਘਟਨਾਵਾਂ, ਗਤੀਵਿਧੀਆਂ ਆਦਿ ਨੂੰ ਯਾਦ ਰੱਖਣ ਦਾ ਅਭਿਆਸ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਦੂਸਰਾ ਆਉਣ ਵਾਲੇ ਤਿੰਨ-ਚਾਰ ਸਾਲ ਬਾਅਦ ਤੁਹਾਡੀ ਜਾਣਕਾਰੀ ਤੇ ਗਿਆਨ ਵਿਚ ਕਾਫੀ ਵਾਧਾ ਹੋ ਜਾਵੇਗਾ ਜੋ ਕਿ UPSC ਦੀ ਕੁਆਲੀਫਾਇੰਗ ਪ੍ਰੀਖਿਆ ਨੂੰ ਕਲੀਅਰ ਕਰਨ ਵਿਚ ਬਹੁਤ ਸਹਾਈ ਹੋਵੇਗਾ।

UPSC ਦਾ ਪ੍ਰੀਖਿਆ ਪੈਟਰਨ ਤਿੰਨ ਹਿੱਸਿਆਂ ਵਿੱਚ ਵੰਡਿਆ ਹੁੰਦਾ ਹੈ ਜਿਸ ਬਾਰੇ ਅਸੀਂ ਰੋਜ਼ਾਨਾ 'ਸੱਚ ਕਹੂੰ' (ਹਿੰਦੀ ਅਤੇ ਪੰਜਾਬੀ) ਦੇ ਹਰ ਐਤਵਾਰ ਨੂੰ ਛਪਣ ਵਾਲੇ ਇਸੇ ਕਾਲਮ ਵਿਚ, 7 ਜੂਨ ਦੇ ਅੰਕ ਵਿਚ ਵਿਸਥਾਰ ਸਹਿਤ ਜਾਣਕਾਰੀ ਦੇ ਚੁੱਕੇ ਹਾਂ। ਵਧੇਰੇ ਜਾਣਕਾਰੀ ਲਈ ਤੁਸੀਂ ਇਹ ਅੰਕ ਪੜ੍ਹ ਸਕਦੇ ਹੈ।

## ਸਤਲੁਜ' 'ਤੇ ਪਾਬੰਦੀ: ਕੀ ਇਤਿਹਾਸ ਨੂੰ ਪਰਦੇ ਤੋਂ ਵੀ ਮਿਟਾਇਆ ਜਾ ਸਕਦਾ ਹੈ?

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ




ਕਿਸੇ ਵੀ ਲੋਕਤੰਤਰੀ ਸਮਾਜ ਦੀ ਤਾਕਤ ਇਸ ਗੱਲ ਵਿੱਚ ਨਹੀਂ ਹੁੰਦੀ ਕਿ ਉਹ ਸਿਰਫ਼ ਆਪਣੀਆਂ ਸਫ਼ਲਤਾਵਾਂ ਨੂੰ ਯਾਦ ਰੱਖੇ, ਸਗੋਂ ਇਸ ਵਿੱਚ ਹੁੰਦੀ ਹੈ ਕਿ ਉਹ ਆਪਣੇ ਇਤਿਹਾਸ ਦੇ ਔਖੇ, ਦਰਦਨਾਕ ਅਤੇ ਵਿਵਾਦਿਤ ਅਧਿਆਇਆਂ ਦਾ ਵੀ ਸਾਹਮਣਾ ਕਰਨ ਦੀ ਸਾਹਸ ਕਰੇ। ਇਤਿਹਾਸ ਨੂੰ ਦਬਾਉਣ ਜਾਂ ਉਸ ਉੱਤੇ ਚੁੱਪ ਦੀ ਚਾਦਰ ਪਾ ਦੇਣ ਨਾਲ ਨਾ ਤਾਂ ਸੱਚ ਬਦਲਦਾ ਹੈ ਅਤੇ ਨਾ ਹੀ ਸਮਾਜ ਦੇ ਮਨ ਵਿੱਚ ਉੱਠਣ ਵਾਲੇ ਸਵਾਲ ਖ਼ਤਮ ਹੁੰਦੇ ਹਨ। ਜਿਵੇਂ ਅਸੀਂ ਦੇਖਿਆ ਕਿ ਦੇਸ਼ ਦੇ ਬਟਬਾਰੇ ਤੇ ਅਨੇਕਾਂ ਫਿਲਮਾਂ ਬਣੀਆ ਤੇ ਅਸੀਂ ਸਾਰਿਆਂ ਨੇ ਦੇਖੀਆਂ ਵੀ ਨੇ ਤੇ ਇਸੇ ਤਰਾਂ ਫਿਲਮ ਸਤਲੁੱਜ ਚ ਪੰਜਾਬ ਦੇ ਉਸ ਕਾਲੇ ਦੌਰ ਦੀ ਗੱਲ ਕੀਤੀ ਹੈ ਜਦੋਂ ਪੰਜਾਬ ਚ ਪੁਲਸੀਆ ਰਾਜ ਸੀ ਤੇ ਜੁਆਨੀ ਨੂੰ ਕੋਹ ਕੋਹ ਕੇ ਮਾਰਿਆ ਜਾ ਰਿਹਾ ਸੀ। ਅੱਤਵਾਦ ਖਤਮ ਕਰਨ ਦੇ ਨਾਂ ਤੇ ਪੰਜਾਬ ਲੁੱਟਿਆ, ਕੁੱਟਿਆ ਪੁਲਿਸ ਨੇ ਨਿਹੱਕੇ ਮੁੰਡਿਆਂ ਨੂੰ ਫੀਤੀਆਂ ਤੇ ਸਟਾਰ ਲਵਾਉਣ ਲਈ ਝੂਠੇ ਤੇ ਮਨਘੜਤ ਮੁਕਾਬਲਿਆ ਚ ਮਾਰ ਮੁਕਾਇਆ ਹੋਇਆ ਤਾਂ ਇਥੋਂ ਤੱਕ ਵੀ ਸੀ ਕਿ ਕਈ ਪਿੰਡਾਂ ਤਾਂ ਸਾਲਾਂ ਬੱਧੀ ਕੋਈ ਬਰਾਤਾਂ ਤੱਕ ਨਹੀਂ ਚੜੀਆਂ।ਇਸੇ ਸੰਦਰਭ ਵਿੱਚ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫ਼ਿਲਮ 'ਪੰਜਾਬ '95', ਜੋ ਬਾਅਦ ਵਿੱਚ 'ਸਤਲੁੱਜ' ਦੇ ਨਾਮ ਨਾਲ ਹੁਣੇ ਥੋੜੇ ਦਿਨ ਪਹਿਲਾਂ ਤਿੰਨ ਸਾਲ ਦੀ ਜੱਦੋ ਜਹਿਦ ਬਾਅਦ ਜਾਰੀ ਹੋਈ ਸੀ, ਅਤੇ ਫਿਰ ਅਚਾਨਕ ਪਤਾ ਨਹੀਂ ਅਜਿਹਾ ਕੀ ਵਾਪਰਿਆ ਕੁਝ ਹੀ ਦਿਨਾਂ ਬਾਅਦ ਫਿਲਮ ਟੈਲੀਵਿਜ਼ਨ ਪਲੇਟਫਾਰਮ ਤੋਂ ਹਟਾ ਦਿੱਤੀ ਗਈ,ਇਹ ਇੱਕ ਗੰਭੀਰ ਚਰਚਾ ਦਾ ਵਿਸ਼ਾ ਤਾਂ ਪਹਿਲਾਂ ਹੀ ਸੀ ਪਰ ਇੱਕਦਮ ਹਟਾਉਣਾ ਇੰਝ ਲੱਗਦਾ ਜਿਵੇਂ ਸਰਕਾਰੀ ਤੰਤਰ ਦੇ ਚੂੰਡੀ ਵੱਡੀ ਗਈ ਹੋਵੇ ਜਾਂ ਸ਼ਾਇਦ ਸੱਚ ਨੂੰ ਹਾਜ਼ਮ ਕਰਨ ਲਈ ਇਹਨਾਂ ਨੂੰ ਕਿਹੜੇ ਹਾਜ਼ਮੋਲੇ ਦੀ ਜਰੂਰਤ ਹੈ।ਇਸੇ ਉਪ੍ਰੋਕਤ ਸੱਚ ਦਾ ਜ਼ਿਕਰ ਲੋਕਾਂ ਸਾਹਮਣੇ ਲਿਆਉਣ ਵਾਲੇ ਯੋਧੇ ਜਸਵੰਤ ਸਿੰਘ ਖਾਲੜਾ ਦਾ ਨਾਮ ਪੰਜਾਬ ਦੇ ਇਤਿਹਾਸ ਵਿੱਚ ਮਨੁੱਖੀ ਅਧਿਕਾਰਾਂ ਲਈ ਨਿੱ◌ੱਡਰ ਸੰਘਰਸ਼ ਦੇ ਪ੍ਰਤੀਕ ਵਜੋਂ ਦਰਜ ਹੈ। ਉਨ੍ਹਾਂ ਨੇ ਉਸ ਦੌਰ ਵਿੱਚ, ਇਹ ਗੱਲ ਕੀਤੀ ਜਦੋਂ ਪੁਲਿਸ ਚਿੱੜੀ ਨੀ ਸੀ ਚੂਕਣ ਦਿੰਦੀ ਪੰਜਾਬ ਚ ਡਰ ਅਤੇ ਖਾਮੋਸ਼ੀ ਦਾ ਮਾਹੌਲ ਸੀ,ਸ਼ਾਮੀ ਚਾਰ ਵਜੇ ਤੋਂ ਬਾਅਦ ਸੰਨਾਟਾ ਛਾ ਜਾਂਦਾ ਸੀ। ਖਾਲੜਾ ਸਾਹਿਬ ਨੇ ਕਥਿਤ ਗੈਰ-ਕਾਨੂੰਨੀ ਹੱਤਿਆਵਾਂ ਅਤੇ ਲਾਵਾਰਿਸ ਲਾਸ਼ਾਂ ਦੇ ਸਸਕਾਰਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਇੱਕ ਅਜਿਹਾ ਸਵਾਲ ਖੜ੍ਹਾ ਕੀਤਾ, ਜਿਸ ਦੀ ਗੂੰਜ ਅੰਤਰਰਾਸ਼ਟਰੀ ਪੱਧਰ ਤੱਕ ਸੁਣੀ ਗਈ। ਬਾਅਦ ਵਿੱਚ ਉਨ੍ਹਾਂ ਦੇ ਅਗਵਾ ਅਤੇ ਕਤਲ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਇਸ ਮਾਮਲੇ ਵਿੱਚ ਅਦਾਲਤਾਂ ਵੱਲੋਂ ਸਜ਼ਾਵਾਂ ਵੀ ਸੁਣਾਈਆਂ ਗਈਆਂ।

ਇਸੇ ਜਸਵੰਤ ਸਿੰਘ ਖਾਲੜਾ ਦੇ ਜੀਵਨ-ਸੰਘਰਸ਼ ਨੂੰ ਪਰਦੇ 'ਤੇ ਲਿਆਉਣ ਦਾ ਯਤਨ ਕਈ ਸਾਲਾਂ ਤੱਕ ਸੈਂਸਰ ਅਤੇ ਕਾਨੂੰਨੀ ਵਿਵਾਦਾਂ ਵਿੱਚ ਘਿਰਿਆ ਰਿਹਾ ਤੇ ਜੱਦੋਜਹਿਦ ਜਾਰੀ ਰਹੀ। ਫ਼ਿਲਮ ਦਾ ਨਾਮ ਬਦਲਿਆ ਗਿਆ, ਕਿੰਨੇ ਦ੍ਰਿਸ਼ਾਂ ਅਤੇ ਸੰਵਾਦਾਂ 'ਤੇ ਇਤਰਾਜ਼ ਹੋਏ ਤੇ ਫਿਲਮ ਚੋਂ ਕੱਢੇ ਗਏ ਅਤੇ ਆਖ਼ਿਰਕਾਰ ਇਹ "ਸਤਲੁਜ" ਨਾਮ ਹੇਠ ਟੈਲੀਵਿਜ਼ਨ (ਓ ਟੀ ਟੀ)ਪਲੇਟਫਾਰਮ 'ਤੇ ਆਈ। ਪਰ ਦਰਸ਼ਕ ਇਸ ਨੂੰ ਢੰਗ ਨਾਲ ਦੇਖ ਵੀ ਨਹੀਂ ਸਕੇ ਕਿ ਇਸ ਨੂੰ ਭਾਰਤ ਵਿੱਚ ਹਟਾ ਦਿੱਤਾ ਗਿਆ। ਇਹ ਘਟਨਾ ਕਈ ਸਵਾਲ ਖੜ੍ਹੇ ਕਰਦੀ ਹੈ।

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਕਿਸੇ ਇਤਿਹਾਸਕ ਘਟਨਾ 'ਤੇ ਆਧਾਰਿਤ ਕਲਾਤਮਕ ਪੇਸ਼ਕਾਰੀ ਤੋਂ ਡਰਨਾ ਚਾਹੀਦਾ ਹੈ? ਜੇ ਕਿਸੇ ਰਚਨਾ ਵਿੱਚ ਤੱਥਾਂ ਦੀ ਗ਼ਲਤੀ ਹੈ ਤਾਂ ਉਸ ਦਾ ਜਵਾਬ ਤੱਥਾਂ ਨਾਲ ਦਿੱਤਾ ਜਾਣਾ ਚਾਹੀਦਾ ਹੈ। ਜੇ ਕਾਨੂੰਨੀ ਇਤਰਾਜ਼ ਹਨ ਤਾਂ ਉਨ੍ਹਾਂ ਦਾ ਨਿਪਟਾਰਾ ਕਾਨੂੰਨ ਅਨੁਸਾਰ ਹੋਣਾ ਚਾਹੀਦਾ ਹੈ। ਪਰ ਕਿਸੇ ਰਚਨਾ ਨੂੰ ਲੋਕਾਂ ਦੀ ਪਹੁੰਚ ਤੋਂ ਦੂਰ ਕਰ ਦੇਣਾ ਅਕਸਰ ਹੋਰ ਵੱਧ ਸਵਾਲ ਪੈਦਾ ਕਰਦਾ ਹੈ।

ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਆਜ਼ਾਦੀ ਦਿੰਦਾ ਹੈ। ਬੇਸ਼ੱਕ ਇਹ ਆਜ਼ਾਦੀ ਪੂਰੀ ਤਰ੍ਹਾਂ ਅਸੀਮਤ ਨਹੀਂ ਹੈ ਅਤੇ ਇਸ 'ਤੇ ਸੰਵਿਧਾਨਕ ਪਾਬੰਦੀਆਂ ਵੀ ਹਨ। ਪਰ ਲੋਕਤੰਤਰ ਦੀ ਰੂਹ ਇਹ ਹੈ ਕਿ ਵਿਚਾਰਾਂ ਨਾਲ ਵਿਚਾਰਾਂ ਦਾ ਮੁਕਾਬਲਾ ਹੋਵੇ, ਨਾ ਕਿ ਚੁੱਪੀ ਨਾਲ। ਕਿਹਾ ਤਾਂ ਇਹ ਜਾਂਦਾ ਕਿ ਕਲਾ, ਸਾਹਿਤ ਅਤੇ ਸਿਨੇਮਾ ਸਮਾਜ ਦੇ ਆਈਨੇ ਹੁੰਦੇ ਹਨ। ਕਈ ਵਾਰ ਇਹ ਸ਼ੀਸ਼ਾ ਸਾਨੂੰ ਉਹ ਚਿਹਰਾ ਵੀ ਦਿਖਾਉਂਦਾ ਹੈ, ਜਿਸ ਨੂੰ ਦੇਖਣਾ ਸਾਨੂੰ ਪਸੰਦ ਨਹੀਂ ਹੁੰਦਾ। ਪਰ ਸ਼ੀਸ਼ਾ ਤੋੜ ਦੇਣ ਨਾਲ ਚਿਹਰਾ ਨਹੀਂ ਬਦਲਦਾ।

ਪੰਜਾਬ ਨੇ ਪਿਛਲੇ ਕਈ ਦਹਾਕਿਆਂ ਵਿੱਚ ਕਾਲਾ ਦੌਰ ਦੇਖਿਆ ਜਿਸ ਚ ਬੇਪਨਾਹ ਦਰਦ, ਹਿੰਸਾ ਅਤੇ ਵਿਛੋੜਾ ਦੇਖਿਆ ਹੈ। ਬੇਕਸੂਰ ਮਾਵਾਂ ਦੇ ਪੁੱਤ ਸਰੇਆਮ ਨਜਾਇਜ਼ ਤੌਰ ਤੇ ਮਾਰੇ ਗਏ,ਅੱਜ ਦੀ ਨੌਜਵਾਨ ਪੀੜ੍ਹੀ ਉਸ ਦੌਰ ਨੂੰ ਕਿਤਾਬਾਂ, ਦਸਤਾਵੇਜ਼ਾਂ ਅਤੇ ਫ਼ਿਲਮਾਂ ਰਾਹੀਂ ਹੀ ਸਮਝ ਸਕਦੀ ਹੈ। ਜੇ ਅਸੀਂ ਇਤਿਹਾਸ ਦੇ ਔਖੇ ਅਧਿਆਇਆਂ 'ਤੇ ਖੁੱਲ੍ਹੀ ਅਤੇ ਤੱਥਾਂ ਤੇ ਅਧਾਰਿਤ ਚਰਚਾ ਨਹੀਂ ਕਰਾਂਗੇ, ਤਾਂ ਅਫ਼ਵਾਹਾਂ ਅਤੇ ਅਧੂਰੀ ਜਾਣਕਾਰੀ ਆਪਣੀ ਥਾਂ ਬਣਾ ਲੈਣਗੀਆਂ। ਇਹ ਕਿਸੇ ਵੀ ਸਮਾਜ ਲਈ ਸਿਹਤਮੰਦ ਸਥਿਤੀ ਨਹੀਂ ਹੈ।ਦੂਸਰੇ ਪਾਸੇ ਇਹ ਵੀ ਸੱਚ ਹੈ ਕਿ ਕਿਸੇ ਵੀ ਸੰਵੇਦਨਸ਼ੀਲ ਵਿਸ਼ੇ 'ਤੇ ਬਣੀ ਫ਼ਿਲਮ ਨੂੰ ਤੱਥਾਂ, ਸੰਤੁਲਨ ਅਤੇ ਉਸ ਵਿਚਲੀਆਂ ਬਾਰੀਕੀਆਂ ਦਾ ਪੂਰੀ ਜ਼ਿੰਮੇਵਾਰੀ ਨਾਲ ਖਿਆਲ ਰੱਖਣਾ ਚਾਹੀਦਾ ਹੈ। ਇਤਿਹਾਸ ਨੂੰ ਨਾ ਤਾਂ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਨਾ ਹੀ ਤੋੜ-ਮਰੋੜ ਕੇ। ਪਰ ਇਹ ਫ਼ੈਸਲਾ ਖੁੱਲ੍ਹੀ ਚਰਚਾ, ਆਲੋਚਨਾ ਅਤੇ ਕਾਨੂੰਨੀ ਪ੍ਰਕਿਰਿਆ ਰਾਹੀਂ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਪਾਬੰਦੀ ਰਾਹੀਂ।

'ਸਤਲੁਜ' ਦਾ ਵਿਵਾਦ ਕੇਵਲ ਇੱਕ ਫ਼ਿਲਮ ਦਾ ਵਿਵਾਦ ਨਹੀਂ ਹੈ। ਇਹ ਸਾਡੇ ਲੋਕਤੰਤਰ, ਸਾਡੀ ਨਿੱ◌ੱਜੀ ਤੇ ਸਮਾਜਿਕ ਆਜ਼ਾਦੀ ਅਤੇ ਸਾਡੇ ਇਤਿਹਾਸ ਨਾਲ ਸਾਡੇ ਰਿਸ਼ਤੇ ਦੀ ਵੀ ਪਰਖ ਹੈ ਤੇ ਘੱਟ ਗਿਣਤੀਆਂ ਨਾਲ ਹੁੰਦੀ ਦਰਾਇਤ ਕਹਾਣੀ ਹੈ,ਮੇਰੀ ਜਾਚੇ ਸਾਡੀ ਹੋਂਦ ਵੱਲ ਉਠਦੀਂ ਉਂਗਲ ਵੀ। ਇੱਕ ਪਰਿਪੱਕ ਸਮਾਜ ਉਹੀ ਹੁੰਦਾ ਹੈ ਜੋ ਆਪਣੇ ਅਤੀਤ ਤੋਂ ਮੂੰਹ ਨਹੀਂ ਮੋੜਦਾ, ਸਗੋਂ ਉਸ ਨੂੰ ਸਮਝ ਕੇ ਭਵਿੱਖ ਲਈ ਸਬਕ ਲੈਂਦਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਇਸ ਮਾਮਲੇ ਨੂੰ ਭਾਵਨਾਵਾਂ ਦੀ ਥਾਂ ਕਾਨੂੰਨ, ਤੱਥਾਂ ਅਤੇ ਸੰਵਾਦ ਦੇ ਆਧਾਰ 'ਤੇ ਦੇਖਿਆ ਜਾਵੇ। ਜੇ ਕੋਈ ਇਤਰਾਜ਼ ਹੈ ਤਾਂ ਉਹ ਪਾਰਦਰਸ਼ੀ ਢੰਗ ਨਾਲ ਲੋਕਾਂ ਸਾਹਮਣੇ ਲਿਆਂਦਾ ਜਾਵੇ ਤੇ ਸੁਲਝਾਇਆ ਜਾਵੇ ਅਸੀਂ ਕੋਈ ਦੋਮ ਦਰਜੇ ਦੇ ਸ਼ਹਿਰੀ ਨਹੀਂ ਸਾਡੇ ਵੀ ਸੰਵਿਧਾਨਿਕ ਤੇ ਮੌਲਿਕ ਹੱਕ ਹਨ । ਜੇ ਫ਼ਿਲਮ ਵਿੱਚ ਕੋਈ ਕਮੀ ਹੈ ਤਾਂ ਉਸ ਦੀ ਨਿਰਪੱਖ ਸਮੀਖਿਆ ਹੋਵੇ, ਅਲੋਚਨਾ ਹੋਵੇ ਤੇ ਇਹ ਫੈਸਲਾ ਲੋਕ ਕਰਨ ਤੁਸੀਂ ਸੱਚ ਉਹਨਾਂ ਦੀ ਕਚਹਿਰੀ ਪਰੋਸ ਦਿਓ। ਪਰ ਲੋਕਤੰਤਰ ਵਿੱਚ ਵਿਚਾਰਾਂ ਦੀ ਆਵਾਜਾਈ ਨੂੰ ਰੋਕਣਾ ਕਦੇ ਵੀ ਲੰਬੇ ਸਮੇਂ ਦਾ ਹੱਲ ਨਹੀਂ ਹੋ ਸਕਦਾ।

ਇਤਿਹਾਸ ਨੂੰ ਲੁਕਾਇਆ ਜਾ ਸਕਦਾ ਹੈ, ਪਰ ਮਿਟਾਇਆ ਨਹੀਂ ਜਾ ਸਕਦਾ। ਸੱਚ ਨੂੰ ਕੁਝ ਸਮੇਂ ਲਈ ਰੋਕਿਆ ਜਾ ਸਕਦਾ ਹੈ, ਪਰ ਸਦਾ ਲਈ ਨਹੀਂ ਛੁਪਾਇਆ ਜਾ ਸਕਦਾ। ਇਸ ਲਈ ਕਿਸੇ ਵੀ ਸੰਵੇਦਨਸ਼ੀਲ ਇਤਿਹਾਸਕ ਵਿਸ਼ੇ 'ਤੇ ਖੁੱਲ੍ਹੀ, ਜ਼ਿੰਮੇਵਾਰ ਅਤੇ ਤੱਥਾਂ-ਅਧਾਰਿਤ ਚਰਚਾ ਹੀ ਲੋਕਤੰਤਰ ਦੀ ਅਸਲ ਤਾਕਤ ਹੈ। ਲੋਕਤੰਤਰ ਵਿੱਚ ਲੋਕ ਉਚੇ ਹੁੰਦੇ ਹਨ ਤੇ ਉਹਨਾਂ ਦਾ ਫੈਸਲਾ ਹੀ ਅੰਤਿਮ ਮੰਨਣ ਵਾਲਾ ਹੁੰਦਾ ਹੈ।

## ਭਾਰਤੀ ਹਾਕਮੋ! ਭਾਈ ਖਾਲੜਾ ਦੀ ਫ਼ਿਲਮ ਬੰਦ ਕਰਾ ਕੇ ਸੱਚ ਨਹੀਂ ਛੁਪਣਾ

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ



ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਫ਼ਿਲਮ 'ਤੇ ਲੱਗੀ ਮੁੜ ਪਾਬੰਦੀ ਉੱਤੇ ਸਿੱਖਾਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਕਾਂਗਰਸ ਅਤੇ ਭਾਜਪਾ ਦੀਆਂ ਸਿੱਖ ਵਿਰੋਧੀ ਨੀਤੀਆਂ ਇੱਕੋ ਜਿਹੀਆਂ ਹਨ। ਕਾਂਗਰਸ ਵੱਲੋਂ ਕੀਤੇ ਜ਼ੁਲਮਾਂ ਨੂੰ ਭਾਜਪਾ ਸਰਕਾਰ ਵੀ ਨਹੀਂ ਵਿਖਾਉਣਾ ਚਾਹੁੰਦੀ। ਗਾਇਕ ਅਤੇ ਅਦਾਕਾਰ ਦਿਲਜੀਤ ਸਿੰਘ ਦੁਸਾਂਝ ਵੱਲੋਂ ਸਿੱਖ ਸੰਘਰਸ਼ ਦੇ ਨਾਇਕ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰ ਤੇ ਲਾਵਾਰਿਸ ਲਾਸ਼ਾਂ ਦੇ ਵਾਰਿਸ ਕਹੇ ਜਾਂਦੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਅਧਾਰਿਤ ਫ਼ਿਲਮ ਬਣਾਈ ਗਈ ਸੀ ਜੋ ਭਾਰਤੀ ਹਕੂਮਤ/ਕਾਂਗਰਸ ਸਰਕਾਰ ਦੇ ਸਿੱਖਾਂ ਉੱਤੇ ਕੀਤੇ ਜ਼ੁਲਮਾਂ ਨੂੰ ਬਾਖੂਬੀ ਬਿਆਨ ਕਰਦੀ ਸੀ ਕਿ ਕਿਵੇਂ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਭਾਰਤੀ ਹਿੰਦੂ ਹਾਕਮਾਂ ਦੇ ਹੁਕਮ 'ਤੇ ਪੰਜਾਬ ਦੇ ਬੁੱਚੜ ਪੁਲੀਸ ਅਫ਼ਸਰਾਂ ਨੇ ਸਿੱਖ ਜਵਾਨੀ ਨੂੰ ਕੋਹ ਕੋਹ ਕੇ ਮਾਰਿਆ ਸੀ। ਘਰਾਂ, ਖੇਤਾਂ ਤੇ ਦੁਕਾਨਾਂ ਵਿੱਚੋਂ ਚੁੱਕ ਕੇ ਹਜ਼ਾਰਾਂ ਨੌਜਵਾਨ ਲਾਪਤਾ ਕਰ ਦਿੱਤੇ ਤੇ ਲਵਾਰਿਸ ਲਾਸ਼ਾਂ ਕਹਿ ਕੇ ਸਾੜ ਦਿੱਤੇ ਸਨ। ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫੀਕੇਸ਼ਨ ਤੋਂ ਮਨਜ਼ੂਰੀ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਫ਼ਿਲਮ 'ਪੰਜਾਬ 95' ਜੋ ਹੁਣ 'ਸਤਲੁਜ' ਦੇ ਨਾਂ 'ਤੇ ਓਟੀਟੀ (ਜ਼ੀ ਫਾਈਵ) 'ਤੇ ਜਾਰੀ ਹੋਈ ਸੀ ਤੇ ਦੋ ਦਿਨ ਬਾਅਦ ਹੀ ਭਾਜਪਾ ਸਰਕਾਰ ਵੱਲੋਂ ਹਟਾ ਦਿੱਤੀ ਗਈ ਤਾਂ ਜੋ ਸਿੱਖ ਕੌਮ ਉੱਤੇ ਹੋਏ ਜ਼ੁਲਮਾਂ ਦੀ ਆਵਾਜ਼ ਨੂੰ ਦਬਾਇਆ ਜਾਏ।

ਇਹਨਾਂ ਸਿੱਖ ਨੌਜਵਾਨਾਂ ਉੱਤੇ ਖੂੰਖਾਰ ਪੁਲਸੀਆਂ ਨੇ ਅਜਿਹੇ ਖੌਫ਼ਨਾਕ ਜ਼ੁਲਮ ਕੀਤੇ ਸਨ ਕਿ ਜਿਸ ਨੇ ਮੁਗਲ ਹਕੂਮਤ ਅਤੇ ਅੰਗਰੇਜ਼ ਹਕੂਮਤ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ ਸੀ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣ ਗਿਆ ਸੀ, ਅੰਮ੍ਰਿਤਧਾਰੀ-ਕੇਸਾਧਾਰੀ ਤੇ ਹੋਰ ਸਿੱਖਾਂ ਨੂੰ ਅੱਤਵਾਦੀ-ਦਹਿਸ਼ਤਗਰਦ ਤੇ ਖਾੜਕੂ ਕਹਿ ਕੇ ਥਾਣਿਆਂ ਅਤੇ ਬੁੱਚੜਖਾਨਿਆਂ ਵਿੱਚ ਲਿਜਾ ਕੇ ਉਹਨਾਂ ਦੇ ਚੱਡੇ ਪਾੜੇ, ਸਰੀਰਾਂ 'ਤੇ ਕਰੰਟ ਲਾਏ, ਲੱਤਾਂ 'ਤੇ ਘੋਟਣੇ ਫੇਰੇ, ਡਾਂਗਾਂ ਨਾਲ ਸਰੀਰ ਪਿੰਜ ਦਿੱਤਾ, ਕਿਸੇ ਦੀਆਂ ਅੱਖਾਂ ਕੱਢੀਆਂ, ਕਿਸੇ ਦੇ ਸਰੀਰ 'ਤੇ ਗਰਮ ਪ੍ਰੈੱਸਾਂ ਲਾਈਆਂ, ਕਿਸੇ ਦੇ ਸਿਰ 'ਤੇ ਕਿੱਲ ਠੋਕੇ, ਕਿਸੇ ਦੀ ਖੋਪਰੀ ਲਾਹ ਦਿੱਤੀ, ਕਿਸੇ ਦੀ ਜ਼ੁਬਾਨ ਵੱਢ ਦਿੱਤੀ, ਕਿਸੇ ਨੂੰ ਪੁੱਠਾ ਟੰਗ ਕੇ ਥੱਲਿਓਂ ਹੀਟਰ ਨਾਲ ਉਸਦਾ ਸਿਰ ਸਾੜ ਦਿੱਤਾ, ਕਿਸੇ ਨੂੰ ਗਰਮ ਕੜਾਹੇ ਵਿੱਚ ਉਬਾਲ ਦਿੱਤਾ, ਕਿਸੇ ਦੀਆਂ ਲੱਤਾਂ ਦੋ ਜੀਪਾਂ ਨਾਲ਼ ਬੰਨ੍ਹ ਕੇ ਵਿਚਾਲਿਓਂ ਪਾੜ ਦਿੱਤਾ, ਕਿਸੇ ਦੀ ਲੱਤ ਵਿੱਚ ਸਰੀਏ ਖੁਬ ਦਿੱਤੇ, ਪਿੱਛੇ ਗੁਦਾ ਵਿੱਚ ਮਿਰਚਾਂ ਲਾ ਕੇ ਡੰਡਾ ਧੱਕ ਦਿੱਤਾ, ਕਿਸੇ ਦੇ ਹੱਥ-ਪੈਰ ਵੱਢ ਦਿੱਤੇ, ਕਈਆਂ ਦੇ ਹੱਥ-ਪੈਰ ਬੰਨ੍ਹ ਕੇ ਸੁੰਨਸਾਨ ਜਗ੍ਹਾ 'ਤੇ ਲਿਜਾ ਕੇ ਗੋਲ਼ੀਆਂ ਮਾਰ ਕੇ ਮੁਕਾਬਲਾ ਵਿਖਾ ਦਿੱਤਾ।

ਦਿੱਲੀ ਦਰਬਾਰ ਦੀਆਂ ਸਿੱਖ-ਮਾਰੂ ਨੀਤੀਆਂ ਤਹਿਤ ਦਰਿੰਦੇ ਪੁਲਸੀਆਂ ਨੇ ਮੁੱਖ ਮੰਤਰੀ ਜ਼ਾਲਮ ਬਿਅੰਤ ਸਿਹੁੰ ਤੇ ਪੁਲਿਸ ਮੁਖੀ ਬੁੱਚੜ ਕੇ.ਪੀ.ਐੱਸ. ਗਿੱਲ ਦੇ ਕਹਿਣ 'ਤੇ ਪੰਜਾਬ ਨੂੰ ਸ਼ਮਸ਼ਾਨ ਘਾਟ ਵਿੱਚ ਬਦਲ ਦਿੱਤਾ, ਪੁਲਿਸ ਇੱਕ ਕਾਤਲ ਮਸ਼ੀਨ ਬਣ ਗਈ, ਬੰਦੇ ਮਾਰਨ ਦਾ ਸਵਾਦ ਪੈ ਗਿਆ, ਫੀਤੀਆਂ-ਸਟਾਰਾਂ ਤੇ ਇਨਾਮਾਂ ਦੇ ਲਾਲਚਾਂ ਵਿੱਚ 25 ਹਜ਼ਾਰ ਤੋਂ ਵੱਧ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਏ ਗਏ, ਉਹਨਾਂ ਦੇ ਪਰਿਵਾਰਾਂ ਨੂੰ ਲਾਸ਼ਾਂ ਵੀ ਨਾ ਸੌਂਪੀਆਂ, ਕਈਆਂ ਦੀਆਂ ਲਾਸ਼ਾਂ ਲਵਾਰਿਸ ਕਹਿ ਕੇ ਸ਼ਮਸ਼ਾਨਾਂ ਘਾਟਾਂ ਵਿੱਚ ਸਾੜ ਦਿੱਤੀਆਂ ਤੇ ਕਈ ਦਰਿਆ ਦੇ ਵਿੱਚ ਵਹਾ ਦਿੱਤੀਆਂ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਦੇਵ ਸਿੰਘ ਕਾਉਂਕੇ ਅਤੇ ਬਾਬਾ ਚਰਨ ਸਿੰਘ ਕਾਰ ਸੇਵਾ ਬੀੜ ਸਾਹਿਬ ਵਾਲੇ ਵੀ ਨਾ ਬਖਸ਼ੇ ਗਏ।

ਇਹਨਾਂ ਹਲਾਤਾਂ ਵਿੱਚ ਭਾਈ ਜਸਵੰਤ ਸਿੰਘ ਖਾਲੜਾ ਤੇ ਉਹਨਾਂ ਦੀ ਟੀਮ ਸਰਕਾਰ ਵਿਰੁੱਧ ਖੜ੍ਹ ਗਈ, ਸ਼ਮਸ਼ਾਨ ਘਾਟਾਂ 'ਚੋਂ ਰਿਕਾਰਡ ਪ੍ਰਾਪਤ ਕਰਕੇ ਅਤੇ ਹਰ ਸ਼ਹੀਦ ਦੇ ਪਰਿਵਾਰ ਨੂੰ ਸੰਪਰਕ ਕਰਕੇ ਉਹਨਾਂ ਨੇ ਭਾਰਤ ਅਤੇ ਵਿਦੇਸ਼ਾਂ ਵਿੱਚ ਸਰਕਾਰ ਦਾ ਕਰੂਪ ਚਿਹਰਾ ਨੰਗਾ ਕਰ ਦਿੱਤਾ। ਭਾਈ ਜਸਵੰਤ ਸਿੰਘ ਖਾਲੜਾ ਦੀ ਚੁਣੌਤੀ ਅਤੇ ਸੱਚ ਨੇ ਸਰਕਾਰ ਅਤੇ ਪੁਲਿਸ ਦੀ ਹਰ ਪਾਸਿਓਂ ਘੇਰਾਬੰਦੀ ਕਰ ਦਿੱਤੀ ਤੇ ਤੇ ਫਿਰ ਭਾਈ ਜਸਵੰਤ ਸਿੰਘ ਖਾਲੜਾ ਨਾਲ ਵੀ ਓਹੀ ਕੁਝ ਹੋਇਆ ਜਿਨ੍ਹਾਂ ਦੀ ਉਹ ਪੈਰਵਾਈ ਕਰ ਰਹੇ ਸਨ ਤੇ ਲਾਵਾਰਿਸ ਲਾਸ਼ਾਂ ਦੇ ਵਾਰਸ ਨੂੰ ਵੀ ਲਵਾਰਿਸ ਬਣਾ ਦਿੱਤਾ ਗਿਆ। ਪਰ ਭਾਈ ਖਾਲੜਾ ਨੇ ਜੋ ਕਰ ਵਿਖਾਇਆ ਸੀ ਉਹ ਰਹਿੰਦੀ ਦੁਨੀਆਂ ਤਕ ਭਾਰਤੀ ਹਕੂਮਤ ਦੇ ਮੱਥੇ ਉੱਤੇ ਵੱਡਾ ਕਲੰਕ ਬਣ ਗਿਆ ਹੈ ਜੋ ਕਦੇ ਨਹੀਂ ਮਿਟਣਾ ਤੇ ਇਹ ਸੱਚ ਹੁਣ ਕਦੇ ਨਹੀਂ ਛੁਪਣਾ, ਚਾਹੇ ਜਿੰਨੀਆਂ ਮਰਜ਼ੀ ਫ਼ਿਲਮਾਂ ਉੱਤੇ ਪਾਬੰਦੀਆਂ ਲਗਾ ਲਈਆਂ ਜਾਣ, ਭਾਈ ਖਾਲੜਾ ਦੀ ਆਵਾਜ਼ ਕਦੇ ਦਬਾਈ ਨਹੀਂ ਜਾਣੀ ਉਹ ਸਦਾ ਬੋਲਦਾ ਰਹਿਣਗੇ।

ਭਾਰਤ ਵਿੱਚ ਕਸ਼ਮੀਰ ਫਾਈਲ 'ਤੇ ਫ਼ਿਲਮ ਬਣ ਸਕਦੀ ਹੈ ਤੇ ਧੜੱਲੇ ਨਾਲ ਚੱਲ ਸਕਦੀ ਹੈ ਪਰ ਗੁਜਰਾਤ ਫਾਈਲ 'ਤੇ ਫ਼ਿਲਮ ਨਹੀਂ ਬਣ ਸਕਦੀ ਕਿਉਂਕਿ ਉਸ ਵਿੱਚ ਸਰਕਾਰੀ ਸ਼ਹਿ ਉੱਤੇ ਘੱਟ-ਗਿਣਤੀ ਦਾ ਘਾਣ ਤੇ ਮੋਦੀ-ਸ਼ਾਹ ਦਾ ਕਰੂਰ ਚਿਹਰਾ ਵਿਖਾਇਆ ਗਿਆ ਹੈ ਤੇ ਜੇ ਕੋਈ ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਉੱਪਰ ਫ਼ਿਲਮ ਬਣਾ ਹੀ ਲਵੇ ਤਾਂ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲੇ ਕਿਵੇਂ ਚੱਲਣ ਦੇਣਗੇ ? ਜਿਹੜਾ ਮੁਲਕ ਭਾਈ ਖਾਲੜੇ ਉੱਤੇ ਬਣੀ ਫ਼ਿਲਮ ਬਰਦਾਸ਼ਤ ਨਹੀਂ ਕਰਦਾ, ਓਹ ਭਾਈ ਖਾਲੜੇ ਨੂੰ ਕਿਵੇਂ ਬਰਦਾਸ਼ਤ ਕਰ ਲੈਂਦਾ ? ਭਾਰਤ ਆਪਣੇ ਆਪ ਨੂੰ ਮਨੁੱਖੀ ਹੱਕਾਂ ਦਾ ਅਲੰਬਰਦਾਰ, ਸਭ ਤੋਂ ਵੱਡਾ ਲੋਕਤੰਤਰ ਤੇ ਧਰਮ ਨਿਰਪੱਖ ਅਖਵਾਉਂਦਾ ਹੈ ਪਰ ਇਹ ਸਭ ਢਕਵੰਜ ਹੈ ਤੇ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘੱਟ-ਗਿਣਤੀ ਕੌਮਾਂ ਦੀ ਆਵਾਜ਼ ਨੂੰ ਇੱਥੇ ਦਬਾਇਆ ਜਾਂਦਾ ਹੈ ਤੇ ਉਹਨਾਂ ਉੱਤੇ ਘੱਲੂਘਾਰੇ ਤੇ ਨਸਲਕੁਸ਼ੀ ਵਰਤਾਈ ਜਾਂਦੀ ਹੈ। ਭਾਈ ਖਾਲੜਾ ਦੀ ਫ਼ਿਲਮ ਦੇ ਪਹਿਲਾਂ ਕਈ ਸੀਨ ਕਟਾ ਕੇ ਵੀ ਸਿਨਮਿਆਂ 'ਚ ਨਹੀਂ ਸੀ ਚੱਲਣ ਦਿੱਤੀ ਗਈ, ਸੈਂਸਰ ਬੋਰਡ ਨੇ ਕਈ ਅੜਿੱਕੇ ਪਾਈ ਰੱਖੇ ਸਨ ਤੇ ਹੁਣ ਭਾਜਪਾ/ਹਿੰਦੂਤਵੀ ਸਰਕਾਰ ਨੇ ਜੀ-ਫਾਈਵ ਤੋਂ ਵੀ ਹਟਾ ਕੇ ਸਿੱਖ ਕੌਮ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਇਆ ਹੈ ਪਰ ਭਾਜਪਾ ਦੀ ਝੋਲੀ ਵਿੱਚ ਬੈਠੇ ਸਿੱਖ ਕੌਮ ਦੀਆਂ ਕੁਝ ਧਾਰਮਿਕ ਅਤੇ ਸਿਆਸੀ ਆਗੂਆਂ ਨੂੰ ਫਿਰ ਵੀ ਸ਼ਰਮ ਨਹੀਂ ਆਉਣੀ।

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਬੋਲ ਸਨ ਕਿ "ਗੁਰੂ ਦੇ ਸਿੱਖ ਹੋਣ ਦੇ ਨਾਤੇ ਸਾਡਾ ਇਨਸਾਫ਼ ਲਈ ਆਵਾਜ਼ ਬੁਲੰਦ ਕਰਨ ਦਾ ਫ਼ਰਜ਼ ਬਣਦਾ ਹੈ। ਏਸ ਦੁਨੀਆਂ ਵਿਚ ਸਦੀਵੀ ਤੌਰ 'ਤੇ ਕਿਸੇ ਨਹੀਂ ਬੈਠੇ ਰਹਿਣਾ, ਅਤੇ ਸਾਨੂੰ ਇਹ ਜੀਵਨ ਇਸ ਲਈ ਮਿਲਿਆ ਹੈ ਕਿ ਅਸੀਂ ਪੰਜਾਬ ਅੰਦਰ ਹਰ ਰੋਜ਼ ਕੋਹੇ, ਮਾਰੇ ਤੇ ਲਾਪਤਾ ਕੀਤੇ ਜਾ ਰਹੇ ਆਪਣੇ ਭਰਾਵਾਂ ਤੇ ਭੈਣਾਂ ਦੇ ਦਰਦ ਨੂੰ ਵੰਡਾਈਏ। ਜੰਮਣਾ ਤੇ ਮਰਨਾ ਤਾਂ ਵਾਹਿਗੁਰੂ ਦੇ ਹੱਥ ਹੈ ਅਤੇ ਇਸ ਦੁਨੀਆਂ ਤੋਂ ਰੁਖ਼ਸਤ ਹੋਣ ਤੋਂ ਪਹਿਲਾਂ ਮੈਨੂੰ ਆਪਣੇ ਸਿੱਖ ਭਰਾਵਾਂ ਤੇ ਭੈਣਾਂ ਪ੍ਰਤੀ ਆਪਣਾ ਫ਼ਰਜ਼ ਪੂਰਾ ਕਰਨਾ ਚਾਹੀਦਾ ਹੈ। ਗੁਰੂ ਸਾਹਿਬਾਨ ਨੇ ਸਾਨੂੰ ਇਹੋ ਸਿਖਾਇਆ ਹੈ। ਵਾਹਿਗੁਰੂ ਨਿਰਭਉ ਹੈ ਅਤੇ ਸਾਨੂੰ ਡਰੂ ਨਹੀਂ ਹੋਣਾ ਚਾਹੀਦਾ।"

## ਮਖੌਟੇ ਲੈ ਲਉ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਮਖੌਟੇ ਲੈ ਲਉ
ਮਖੌਟੇ ਲੈ ਲਉ
ਗਲੀ ਵਿਚੋਂ ਫੇਰੀ ਵਾਲਾ
ਜਾ ਰਿਹਾ ਸੀ ਤੇ ਨਾਲ ਹੀ
ਉੱਚੀ ਉੱਚੀ ਹੋਕਾ ਦਿੰਦਾ ਹੋਇਆ
ਮਖੌਟੇ ਲੈ ਲਉ
ਮਖੌਟੇ ਲੈ ਲਉ ।

ਅਵਾਜ਼ ਸੁਣ ਬਾਹਰ ਨਿਕਲ ਦੇਖਿਆ
ਫੇਰੀ ਵਾਲਾ ਹੋਕਾ ਦਿੰਦਾ ਜਾ ਰਿਹਾ ਸੀ
ਹੱਥ ਵਿਚ ਡੰਡਾ ਫੜਿਆ ਹੋਇਆ
ਜਿਵੇਂ ਗੁਬਾਰੇ ਬੰਨੇ ਹੁੰਦੇ ਹਨ
ਗੁਬਾਰੇ ਦੀ ਜਗ੍ਹਾ ਮਖੌਟੇ ਲੱਗੇ ਹੋਏ ਸਨ
ਜ਼ੋਰ ਜ਼ੋਰ ਦੀ ਹੋਕਾ ਦਿੰਦਾ
ਇੱਕੋ ਸਾਹ ਬੋਲੀ ਜਾਏ
ਮਖੌਟੇ ਲੈ ਲਉ
ਮਖੌਟੇ ਲੈ ਲਉ ।

ਹੈਰਾਨ ਹੋ ਮੈਂ ਤੱਕਿਆ ਉਸ ਵੱਲ
ਪੁੱਛਿਆ ਕੀ ਹੈ ਸੱਭ ਇਹ
ਕਹਿੰਦਾ ਮਰੀਆਂ ਜ਼ਮੀਰਾਂ
ਵਾਲਿਆਂ ਦੇ ਮਖੌਟੇ ਨੇ ਤੇ
ਕੀਮਤ ਵੀ ਹਰ ਮਖੌਟੇ ਦੀ
ਅਲੱਗ ਅਲੱਗ ਹੈ
ਹਰ ਮਖੌਟੇ ਦੇ ਗੁਣ ਗਾਇਨ
ਲੱਗਾ ਕਰਨ ਤੇ ਕੀਮਤ ਵੀ ਦੱਸੀ ਜਾਏ ।

ਕਹਿੰਦਾ ਉਹਨਾਂ ਦੇ ਮਖੌਟੇ ਨੇ ਇਹ ਜੋ
ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦੇ ਨੇ
ਮੂੰਹ ਵਿਚ ਮਿਠਾਸ ਤੇ ਉਹਨਾਂ ਦੇ
ਅੰਦਰ ਜ਼ਹਿਰ ਭਰਿਆ ਹੁੰਦਾ ਹੈ
ਜਿਹਨਾਂ ਦੀ ਕਹਿਣੀ ਤੇ ਕੱਥਨੀ
ਵਿਚ ਫ਼ਰਕ ਹੁੰਦਾ ਹੈ
ਦੋਸਤੀ ਦੇ ਨਾਮ ਤੇ ਉਹ
ਮਿੱਠੀਆਂ ਛੁਰੀਆਂ ਦਾ
ਕੰਮ ਕਰਦੇ ਹਨ
ਇਕ ਦੂਸਰੇ ਦੇ ਮਨਾਂ ਵਿਚ
ਜ਼ਹਿਰ ਭਰ ਅਲੱਗ ਕਰ
ਉਹਨਾਂ ਨੂੰ ਫਿਰ ਸਾਹ ਲੈਂਦੇ ਨੇ ।

ਕੁਝ ਮਖੌਟੇ ਐਸੇ ਨੇ ਜੋ
ਕਿਸੇ ਦੀ ਤਰੱਕੀ ਦੇਖ
ਖ਼ੁਸ਼ ਨਹੀਂ ਹੁੰਦੇ ਸੋਚਦੇ ਕਿਵੇ
ਇਸ ਵਿੱਚ ਵਿਘਨ ਪਾਇਆ ਜਾਏ
ਕਹਿੰਦਾ ਡਾਲਰ ਡਾਲਰ ਪਿੱਛੇ
ਵਿਕਣ ਵਾਲੇ ਲੋਕਾਂ ਦੇ ਮਖੌਟੇ ਨੇ ਇਹ ।

ਕੁਝ ਮਖੌਟੇ ਐਸੇ ਨੇ ਜੋ
ਹਰ ਮਹਿਫ਼ਲ ਵਿਚ ਪਹੁੰਚ
ਸਟੇਜ ਤੇ ਚੜ੍ਹ ਮਾਇਕ ਹਥਿਆਉਣ
ਦੀ ਕੋਸ਼ਿਸ਼ ਵਿੱਚ ਹੁੰਦੇ ਨੇ ਤੇ
ਬੋਲਣ ਲੱਗੇ ਚੁੱਪ ਹੋਣ ਵਿੱਚ
ਨਹੀਂ ਆਉਂਦੇ ਫਿਰ ।
ਪ੍ਰਬੰਧਕਾਂ ਨਾਲ ਮਿੱਠੀਆਂ ਮਿੱਠੀਆਂ
ਗੱਲਾਂ ਕਰ ਭਰਮਾਉਂਦੇ ਨੇ ਤੇ
ਪਿੱਠ ਪਿੱਛੇ ਬਦਖੋਈਆਂ ਕਰਦੇ ਨੇ
ਉਹਨਾਂ ਦੀਆਂ ਹੀ ਫਿਰ ਇਹ ।

ਕੁਝ ਮਖੌਟੇ ਪੈਸੇ ਦੇ ਬੱਲ
ਮਾਣ ਸਨਮਾਨ ਕਰਾਉਂਦੇ ਹਨ ।
ਸਿਰ ਘੁੰਮ ਗਿਆ ਮੇਰਾ
ਮਖੌਟੇ ਵੇਚਣ ਵਾਲੇ ਦੀਆਂ
ਗੱਲਾਂ ਸੁਣ
ਲੱਗਾ ਹੁਣੇ ਚੱਕਰ ਆ ਜਾਣਾ ਮੈਨੂੰ
ਤੇ ਗਸ਼ ਖਾ ਡਿੱਗ ਜਾਣਾ ਮੈਂ
ਔਹ ਐਨੀ ਹਨੇਰਗਰਦੀ ।

ਬਿਨ ਮਖੌਟਾ ਖ੍ਰੀਦਿਆਂ
ਉਸਨੂੰ ਵਿਦਾ ਕੀਤਾ
ਥਾਏਂ ਖੜੀ ਸੋਚਦੀ ਰਹਿ ਗਈ
ਕੀ ਹੋ ਗਿਆ ਲੋਕਾਂ ਦੀਆਂ
ਜ਼ਮੀਰਾਂ ਨੂੰ ਹਰ ਚੀਜ਼ ਵਿਕਾਊ
ਹੋਕਾ ਦਿੰਦਾ ਤੁਰੀਆ ਜਾਏ
ਮਖੌਟੇ ਲੈ ਲਉ
ਮਖੌਟੇ ਲੈ ਲਉ ।

ਹਰ ਮਖੌਟੇ ਦੀ ਕੀਮਤ ਅਲੱਗ
ਮਖੌਟੇ ਪਿੱਛੇ ਛੁਪੇ ਚਿਹਰਿਆਂ ਦੀ
ਅਸਲੀਅਤ ਨੂੰ ਵੀ ਬਿਆਨ ਕਰ ਗਿਆ
ਵਾਹ ਵੇ ਭਾਈ ਮਖੌਟੇ ਵਾਲਿਆ
ਤੇਰੀ ਸੋਚ ਨੂੰ ਸਿੱਜਦਾ
ਮਖੌਟੇ ਪਿੱਛੇ ਛੁਪੇ ਘਿਣੌਣੇ
ਚਿਹਰਿਆਂ ਦੀ ਸਚਾਈ
ਨੂੰ ਬਿਆਨ ਕਰ ਗਿਆ ।

ਮਖੌਟੇ ਲੈ ਲਉ
ਮਖੌਟੇ ਲੈ ਲਉ
ਅਵਾਕ ਖੜੀ , ਪੱਥਰ ਬਣੀ
ਜਾਂਦੇ ਹੋਏ ਉਸ ਫੇਰੀ
ਵਾਲੇ ਨੂੰ ਦੇਖ ਰਹੀ ਸੀ
ਹੱਥ ਵਿਚ ਡੰਡਾ ਤੇ
ਡੰਡੇ ਤੇ ਮਖੌਟੇ ਬੰਨੇ ਹੋਏ ਸਨ
ਅਲੱਗ ਅਲੱਗ ਰੰਗਾਂ ਵਿਚ
ਰੰਗੇ ਉਹਨਾਂ ਦੀ ਅੰਦਰ ਦੀ
ਅਸਲੀਅਤ ਬਿਆਨ ਕਰ ਗਏ ।
ਮਖੌਟੇ ਲੈ ਲਉ
ਮਖੌਟੇ ਲੈ ਲਉ ।
ਇਸ ਤਰਾਂ ਦਾ ਗਾਣਾ ਯਾਦ ਕਰ
ਗੁਣਗੁਣਾਉਂਦੀ ਹਾਂ , ਸੋਚਦੀ
ਸੱਚ ਹੀ ਤੇ ਹੈ

'ਇੱਕ ਚਿਹਰੇ ਪੇ ਕਈ ਚਿਹਰੇ ਲਗਾ ਲੈਤੇ ਹੈ ਲੋਕ'